ਆਪਣੇ ਬੈਂਕ ਖਾਤੇ ਦਾ ਸਮਝਦਾਰੀ ਨਾਲ ਪ੍ਰਬੰਧਨ ਕਰਨਾ

ਹਾਂਗਕਾਂਗ ਵਿੱਚ ਕਾਰੋਬਾਰ ਦੇ ਮਾਲਕਾਂ ਲਈ ਇੱਕ ਗਾਈਡ

HSBC

Together we thrive

Issued by The Hongkong and Shanghai Banking Corporation Limited

ਭੂਮਿਕਾ

ਆਪਣੇ ਬੈਂਕ ਖਾਤੇ ਦਾ ਸਹੀ ਪ੍ਰਬੰਧਨ ਤੁਹਾਡੀ ਅਤੇ ਵਿਆਪਕ ਭਾਈਚਾਰੇ ਦੋਹਾਂ ਦੀ ਪੂੰਜੀ ਦੀ ਰੱਖਿਆ ਕਰੇਗਾ

- ਸਾਡੇ ਕਾਰੋਬਾਰੀ ਗਾਹਕ ਜ਼ਿਆਦਾਤਰ ਸਾਡੇ ਕੋਲ ਇੱਕ ਨਿੱਜੀ ਖਾਤਾ ਵੀ ਖੋਲਦੇ ਹਨ। ਸਾਡਾ ਸਭ ਤੋਂ ਵਧੀਆ ਸੁਝਾਓ ਇਹ ਪੱਕਾ ਕਰਨਾ ਹੈ ਕਿ ਤੁਹਾਡੇ ਕਾਰੋਬਾਰੀ ਖਾਤੇ ਸਿਰਫ ਕਾਰੋਬਾਰ ਲਈ ਹੋਣ, ਅਤੇ ਨਿੱਜੀ ਵਰਤੋਂ ਦੇ ਲਈ ਨਹੀਂ
- ਇੱਕ ਕਾਰੋਬਾਰ ਦੇ ਮਾਲਿਕ ਹੋਣ ਵਜੋਂ, ਤੁਸੀਂ ਰੋਜ਼ ਦੇ ਕੰਮਾਂ ਵਿੱਚ ਰੁੱਝੇ ਹੋਏ ਹੋ ਅਤੇ ਤੁਹਾਡੇ ਕੋਲ ਸਮਾਂ ਘੱਟ ਹੈ, ਇਸ ਲਈ ਤੁਹਾਨੂੰ ਸ਼ਾਇਦ ਆਪਣੇ ਬੈਂਕ ਖਾਤੇ ਦਾ ਸਮਝਦਾਰੀ ਨਾਲ ਪ੍ਰਬੰਧਨ ਕਰਨ ਬਾਰੇ ਹਿਦਾਇਤਾਂ ਨਾਲ ਫਾਇਦਾ ਹੋਵੇ। ਇਹ ਗਾਈਡ ਆਪਣੇ ਕਾਰੋਬਾਰ ਨੂੰ ਧੋਖੇ ਅਤੇ ਆਰਥਿਕ ਅਪਰਾਧ ਤੋਂ ਸੁਰੱਖਿਤ ਰੱਖਣ ਲਈ ਸੁਝਾਓ ਮੁਹੱਈਆ ਕਰਦੀ ਹੈ – ਸੁਝਾਓ ਜਿਹੜੇ ਕਿ ਨਿੱਜੀ ਖਾਤਿਆਂ ਲਈ ਵੀ ਵਰਤੇ ਜਾ ਸਕਦੇ ਹਨ

ਇਸ ਗਾਈਡ ਵਿੱਚ, ਅਸੀਂ ਹੇਠ ਲਿਖੇ ਵਿਸ਼ਿਆਂ ਉੱਤੇ ਸੁਝਾਓ ਮੁਹੱਈਆ ਕਰਵਾਉਂਦੇ ਹਾਂ:

1. ਆਪਣਾ ਖਾਤਾ ਹਰ ਦਿਨ ਕਿਸ ਤਰ੍ਹਾਂ ਸਭ ਤੋਂ ਵਧੀਆ ਸੰਭਾਲਿਆ ਜਾ ਸਕਦਾ ਹੈ
2. ਸਾਨੂੰ ਸੰਗਠਨ ਦੇ ਪ੍ਰਬੰਧਨ ਵਿੱਚ ਬਦਲਾਓ ਬਾਰੇ ਸੂਚਿਤ ਰੱਖਣਾ
3. ਆਪਣੇ ਕਾਰੋਬਾਰ ਦੇ ਤਰੀਕੇ ਵਿੱਚ ਬਦਲਾਓ ਲਿਆਉਣ ਵਕਤ ਵਿਚਾਰ ਕਰਨ ਵਾਲੀਆਂ ਗੱਲਾਂ
4. ਜੇ ਤੁਹਾਡੀ ਗਾਹਕੀ ਜਾਣਕਾਰੀ ਨੂੰ ਨਵਪੂਰਤ ਨਹੀਂ ਰੱਖਿਆ ਜਾਂਦਾ ਤਾਂ ਕੀ ਹੋ ਸਕਦਾ ਹੈ
5. ਆਰਥਿਕ ਅਪਰਾਧ ਨਾਲ ਲੜਨ ਲਈ ਅਸੀਂ ਕਿਸ ਤਰ੍ਹਾਂ ਇਕੱਠੇ ਕੰਮ ਕਰ ਸਕਦੇ ਹਾਂ
6. ਸਾਨੂੰ ਕਿਸ ਤਰ੍ਹਾਂ ਸੰਪਰਕ ਕੀਤਾ ਜਾ ਸਕਦਾ ਹੈ

ਆਪਣਾ ਖਾਤਾ ਹਰ ਦਿਨ ਕਿਸ ਤਰ੍ਹਾਂ ਸਭ ਤੋਂ ਵਧੀਆ ਸੰਭਾਲਿਆ ਜਾ ਸਕਦਾ ਹੈ



ਖਾਤਿਆਂ ਦਾ ਉਦੇਸ਼ ਅਤੇ ਵਰਤੋਂ	ਖਾਤੇ ਦੀ ਕਿਸਮ ਦੇ ਅਨੁਸਾਰ, ਆਪਣਾ ਖਾਤਾ ਸਹੀ ਕੰਮਾਂ ਲਈ ਵਰਤੋ
	ਇੱਕ ਨਿੱਜੀ ਖਾਤਾ ਸਿਰਫ ਤੁਹਾਡੇ ਨਿੱਜੀ ਲੈਣ-ਦੇਣ ਲਈ ਹੈ ਅਤੇ ਨਾ ਕਿ ਤੁਹਾਡੇ ਕਾਰੋਬਾਰੀ ਕੰਮਾਂ ਲਈ ਅਤੇ, ਓਸੇ ਤਰ੍ਹਾਂ, ਇੱਕ ਕਾਰੋਬਾਰੀ ਖਾਤਾ ਸਿਰਫ ਤੁਹਾਡੇ ਕਾਰੋਬਾਰੀ ਕੰਮਾਂ ਲਈ ਹੈ ਅਤੇ ਨਾ ਕਿ ਤੁਹਾਡੇ ਨਿੱਜੀ ਲੈਣ-ਦੇਣ ਲਈ
ਬਿਆਨ, ਦਸਤਾਵੇਜ਼ ਅਤੇ ਰਿਕਾਰਡ	ਆਪਣੇ ਬੈਂਕ ਦੇ ਖਾਤਿਆਂ ਦੀ ਬਾਕਾਇਦਾ ਪੜਤਾਲ ਕਰੋ ਅਤੇ ਸਾਰੀ ਗਤੀਵਿਧੀਆਂ ਨੂੰ ਆਪਣੀ ਬੈਂਕ ਸਟੇਟਮੈਂਟ ਨਾਲ ਮਿਲਾਓ
	ਪੱਕਾ ਕਰੋ ਕਿ ਤੁਸੀਂ ਕਮਾਈ, ਟਰਾਂਸਫਰ ਅਤੇ ਖਰਚੇ ਦੇ ਰਿਕਾਰਡ, ਅਤੇ ਰਸੀਦਾਂ, ਬਿੱਲ ਅਤੇ ਸੰਬੰਧਿਤ ਦਸਤਾਵੇਜ਼ ਰੱਖਦੇ ਹੋ
	ਪੱਕਾ ਕਰੋ ਕਿ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਭੁਗਤਾਨ ਦੇ ਰਿਕਾਰਡਾਂ ਵਿੱਚ ਇਹ ਦਿਖਾਉਣ ਲਈ ਬਥੇਰੀ ਜਾਣਕਾਰੀ ਸ਼ਾਮਿਲ ਹੈ ਕਿ ਫੰਡ ਨੂੰ ਮਿੱਥੇ ਅਨੁਸਾਰ ਟਰਾਂਸਫਰ, ਪ੍ਰਾਪਤ ਅਤੇ ਖਰਚਿਆ ਗਿਆ ਹੈ
	ਲੈਣ-ਦੇਣ ਲਈ ਇਲੈਕਟ੍ਰਾਨਿਕ ਲੈਣ-ਦੇਣ ਦੇ ਸਾਧਨਾਂ ਦੀ ਚੰਗੀ ਵਰਤੋਂ ਕਰੋ ਜਿਵੇਂ ਕਿ ਟੈਲੀਗ੍ਰਾਫ਼ਿਕ ਟਰਾਂਸਫਰ ਅਤੇ ਇਲੈਕਟ੍ਰਾਨਿਕ ਬੈਂਕ ਟਰਾਂਸਫਰ, ਤਾਂ ਜੋ ਲੈਣ-ਦੇਣ ਨੂੰ ਟਰੈਕ ਕਰਨਾ ਅਤੇ ਫੰਡ ਦੇ ਸਰੋਤ ਅਤੇ ਮੰਜ਼ਿਲ ਨੂੰ ਪਛਾਣਨਾ ਸੌਖਾ ਹੋ ਜਾਵੇ
	ਟੈਕਸ ਪ੍ਰਤੀ ਆਪਣੇ ਫਰਜ਼ਾਂ ਨੂੰ ਸਮਝੋ ਅਤੇ ਉਨ੍ਹਾਂ ਦਾ ਪਾਲਣ ਕਰੋ। ਸਾਨੂੰ ਆਪਣੀ ਟੈਕਸ ਨਿਵਾਸ ਜਾਣਕਾਰੀ ਮੁਹੱਈਆ ਕਰਵਾਓ ਅਤੇ ਆਪਣੇ ਟੈਕਸ ਸੰਬੰਧੀ ਦਸਤਾਵੇਜ਼ਾਂ ਦਾ ਇੱਕ ਸਾਫ ਰਿਕਾਰਡ ਰੱਖੋ

ਇਸ ਤਰ੍ਹਾਂ ਦਾ ਕੋਈ ਤਰੀਕਾ ਨਹੀਂ ਹੈ ਜਿਹੜਾ ਕਿ ਸਾਰਿਆਂ ਲਈ ਕੰਮ ਕਰੇ, ਲੇਕਿਨ ਕੁਝ ਆਦਤਾਂ ਅਤੇ ਕਿਰਿਆਵਾਂ ਤੁਹਾਡੀ ਆਪਣੇ ਖਾਤੇ ਨੂੰ ਚੰਗੀ ਤਰ੍ਹਾਂ ਸੰਭਾਲਣ ਵਿੱਚ ਮਦਦ ਕਰ ਸਕਦੀਆਂ ਹਨ ਅਤੇ ਤੁਹਾਨੂੰ ਧੋਖੇ ਤੋਂ ਬਚਾ ਸਕਦੀਆਂ ਹਨ.

ਸੁਰੱਖਿਆ ਅਤੇ ਕਰਮਚਾਰੀਆਂ ਦੀ ਸਿੱਖਿਆ

- ਭੁਗਤਾਨ ਲਈ ਵੱਖ ਪੱਧਰਾਂ ਵਾਲੀ ਮਨਜ਼ੂਰੀ ਅਤੇ ਦਸਤਖ਼ਤ ਦੇ ਪੱਧਰਾਂ ਦੀ ਵਰਤੋਂ ਕਰੋ – ਜਿਵੇਂ ਕਿ, ਆਪਣੀ ਕਾਰੋਬਾਰੀ ਇੰਟਰਨੈੱਟ ਬੈਂਕਿੰਗ ਵਿੱਚ ਇੱਕ ਪ੍ਰਮਾਣਿਕਤਾ ਮੈਟ੍ਰਿਕਸ ਬਣਾਓ ਅਤੇ ਵੱਖਰੇ ਦਸਤਖ਼ਤ ਸੰਗਠਨਾਂ ਲਈ ਮਿਥੀਆਂ ਲੈਣ-ਦੇਣ ਦੀਆਂ ਹੱਦਾਂ ਨਾਲ ਦਸਤਖ਼ਤ ਕਰਨ ਦੀਆਂ ਹਿਦਾਇਤਾਂ ਬਣਾਓ
- ਉਸ ਪੈਸੇ ਦਾ ਭੁਗਤਾਨ ਕਰਨ ਜਾਂ ਜਾਇਦਾਦ ਨੂੰ ਸੰਭਾਲਣ ਵਿੱਚ ਦੂਜਿਆਂ ਦੀ ਮਦਦ ਨਾ ਕਰੋ ਜਿਹੜੀ ਕਿ ਤੁਹਾਡੇ ਕਾਰੋਬਾਰ ਦੀ ਨਹੀਂ ਹੈ
- ਪਤਾ ਰੱਖੋ ਕਿ ਤੁਸੀਂ ਕਿਸ ਤੋਂ ਖਰੀਦ ਜਾਂ ਕਿਸ ਨੂੰ ਵੇਚ ਰਹੇ ਹੋ – ਉਦਾਹਰਣ ਵਜੋਂ, ਪੈਸੇ ਲੈਣ ਅਤੇ ਪੈਸੇ ਦੇਣ ਵਾਲੇ ਦੀ ਜਾਣਕਾਰੀ
- ਜੇ ਉਨ੍ਹਾਂ ਨੂੰ ਉਸ ਦੀ ਮਨਜ਼ੂਰੀ ਨਹੀਂ ਹੈ, ਤਾਂ ਦੂਜਿਆਂ ਨੂੰ ਆਪਣਾ ਖਾਤਾ ਨਾ ਵਰਤਣ ਦਿਓ
- ਆਪਣੀ ਨਿੱਜੀ ਜਾਣਕਾਰੀ, ਖਾਤੇ ਦੀ ਜਾਣਕਾਰੀ, ਸੁਰੱਖਿਆ ਯੰਤਰ, ਇੰਟਰਨੈੱਟ ਬੈਂਕਿੰਗ ਆਈ.ਡੀ. ਅਤੇ ਪਾਸਵਰਡ, ATM ਕਾਰਡ/ਕਰੈਡਿਟ ਕਾਰਡ, ਕਾਰਡ ਵੈਰੀਫਿਕੇਸ਼ਨ ਵੈਲਿਊ ਜਾਂ ਚੈੱਕ ਬੁੱਕ ਦੂਜਿਆਂ ਨਾਲ ਸਾਂਝੀ ਨਾ ਕਰੋ
- ਬੈਂਕ ਦਾ ਨਾਮ ਲੈਕੇ ਕੀਤੀਆਂ ਜਾਣ ਵਾਲੀਆਂ ਘੋਟਾਲੇ ਵਾਲੀਆਂ ਕਾਲਾਂ ਅਤੇ/ਜਾਂ ਠੱਗੀ ਵਾਲੇ ਈ-ਮੇਲਾਂ ਦੇ ਖਿਲਾਫ ਚੌਕਸ ਰਹੋ
- ਐਂਟੀ-ਵਾਇਰਸ ਸੌਫਟਵੇਅਰ, ਇੱਕ ਸੁਰੱਖਿਤ ਨੈੱਟਵਰਕ ਕਨੈਕਸ਼ਨ ਅਤੇ ਫਾਇਰ-ਵਾਲ ਸੁਰੱਖਿਆ ਦੀ ਵਰਤੋਂ ਕਰਕੇ ਇਹ ਪੱਕਾ ਕਰੋ ਕਿ ਤੁਹਾਡੇ ਕੰਪਿਊਟਰ ਦੀ ਸੁਰੱਖਿਆ ਨਵਪੂਰਤ ਹੈ
- ਆਪਣੇ ਕਰਮਚਾਰੀਆਂ ਨੂੰ ਠੱਗੀ ਅਤੇ ਆਰਥਿਕ ਅਪਰਾਧ ਦੇ ਖ਼ਤਰੇ ਬਾਰੇ ਸਿੱਖਿਆ ਦਿਓ। ਜਿਵੇਂ ਕਿ, ਭੁਗਤਾਨ ਕਰਨ ਤੋਂ ਪਹਿਲਾਂ ਦੂਜੇ ਬੰਦੇ ਦੇ ਈ-ਮੇਲ ਦੀ ਪੜਤਾਲ ਕਰਨ ਅਤੇ ਟੈਲੀਫੋਨ ਉੱਤੇ ਪੜਤਾਲ ਕਰਨ ਦੀ ਮੁਹੱਤਤਾ ਉੱਤੇ ਜ਼ੋਰ ਪਾਓ

ਸਾਨੂੰ ਸੰਗਠਨ ਦੇ ਪ੍ਰਬੰਧਨ ਵਿੱਚ ਬਦਲਾਓ ਬਾਰੇ ਸੂਚਿਤ ਰੱਖਣਾ

ਠੱਗੀ ਅਤੇ ਆਰਥਿਕ ਅਪਰਾਧ ਨਾਲ ਲੜਨ ਦੀ ਸਾਡੀ ਵਚਨਬੱਧਤਾ ਦੇ ਹਿੱਸੇ ਵਜੋਂ, ਸਾਨੂੰ ਇਹ ਪੱਕਾ ਕਰਨ ਦੀ ਜ਼ਰੂਰਤ ਹੈ ਕਿ ਸਾਡੇ ਕੋਲ ਤੁਹਾਡੇ ਅਤੇ ਤੁਹਾਡੇ ਕਾਰੋਬਾਰ ਬਾਰੇ ਸਹੀ ਜਾਣਕਾਰੀ ਹੈ। ਆਪਣੀ ਕੰਪਨੀ ਦੀ ਸੰਪਰਕ ਜਾਣਕਾਰੀ (ਜਿਵੇਂ ਕਿ, ਪਤੇ, ਟੈਲੀਫੋਨ ਨੰਬਰ ਅਤੇ ਈ-ਮੇਲ ਐਡਰੈਸ ਵਿੱਚ ਬਦਲਾਓ) ਵਿੱਚ ਬਦਲਾਓ ਬਾਰੇ ਸਾਨੂੰ ਸੂਚਿਤ ਕਰਨ ਦੇ ਨਾਲ-ਨਾਲ, ਇਹ ਜ਼ਰੂਰੀ ਹੈ ਕਿ ਤੁਸੀਂ ਸਾਨੂੰ ਆਪਣੇ ਕਾਰੋਬਾਰ ਦੇ ਤਰੀਕੇ ਵਿੱਚ ਬਦਲਾਓ ਦੇ ਬਾਰੇ ਬਾਕਾਇਦਾ ਸੂਚਿਤ ਕਰੋ।

ਆਪਣੇ ਖਾਤੇ ਦੀ ਜਾਣਕਾਰੀ ਨੂੰ ਨਵਪੂਰਤ ਕਰਨ ਦੇ ਤਰੀਕੇ ਉੱਤੇ ਹਿਦਾਇਤਾਂ ਲਈ ਕਿਰਪਾ ਕਰਕੇ 'ਸਾਨੂੰ ਕਿਸ ਤਰ੍ਹਾਂ ਸੰਪਰਕ ਕੀਤਾ ਜਾ ਸਕਦਾ ਹੈ' ਦਾ ਹਿੱਸਾ ਦੇਖੋ।

ਤੁਹਾਡੇ ਕਾਰੋਬਾਰ ਦੇ ਤਰੀਕੇ ਵਿੱਚ ਬਦਲਾਓ			ਤੁਹਾਡੀ ਕੰਪਨੀ ਦੀ ਬਣਤਰ ਵਿੱਚ ਬਦਲਾਓ	
ਵਿਕਰੀ ਦੇ ਟਰਨਓਵਰ ਵਿੱਚ ਔਰਗੈਨਿਕ ਵਾਧਾ	ਨਵੀਆਂ ਮਾਰਕੀਟਾਂ ਵਿੱਚ ਫੈਲਾਓ ਅਤੇ ਗਾਹਕਾਂ ਦੀਆਂ ਕਿਸਮਾਂ ਵੱਲ ਵਾਧਾ	ਕਾਰੋਬਾਰ ਦੀ ਕਿਸਮ ਵਿੱਚ ਬਦਲਾਓ	ਲੋਕ – ਡਾਇਰੈਕਟਰ, ਮਨਜ਼ੂਰਸ਼ੁਦਾ ਸਿਗਨੇਟਰੀ, ਸ਼ੇਅਰ-ਹੋਲਡਰ ਅਤੇ ਅੰਤਿਮ ਲਾਭਪਾਤਰੀ ਮਾਲਿਕ	ਕਾਨੂੰਨੀ ਹੋਂਦ – ਜਿਵੇਂ ਕਿ, ਇੱਕ ਸੀਮਿਤ ਕੰਪਨੀ ਦਾ ਇੱਕ ਇਕੱਲਾ ਮਲਿਕ

ਆਪਣੇ ਕਾਰੋਬਾਰ ਦੇ ਤਰੀਕੇ ਵਿੱਚ ਬਦਲਾਅ ਲਿਆਉਣ ਵਕਤ ਵਿਚਾਰ ਕਰਨ ਵਾਲੀਆਂ ਗੱਲਾਂ

ਤੁਹਾਡੇ ਕਾਰੋਬਾਰ ਦੇ ਤਰੀਕੇ ਵਿੱਚ ਬਦਲਾਅ ਹੋਣ ਦੇ ਨਾਲ, ਆਪਣੇ ਆਪ ਨੂੰ ਠੱਗੀ ਜਾਂ ਹੋਰ ਆਰਥਿਕ ਅਪਰਾਧ ਤੋਂ ਬਚਾਉਣ ਦੇ ਲਈ ਕਿਰਪਾ ਕਰਕੇ ਹੇਠ ਲਿਖੇ ਬਾਰੇ ਵਿਚਾਰ ਕਰੋ।

ਉਚਿਤ ਮਨਜ਼ੂਰੀਆਂ ਦਾ ਪਤਾ ਲਗਾਉਣ ਦੇ ਲਈ ਨਿਸ਼ਾਨੇ ਵਾਲੀਆਂ ਮਾਰਕੀਟਾਂ ਅਤੇ ਸਥਾਨੀ ਬੈਂਕ ਵਲੋਂ ਸਹਾਇਤਾ ਬਾਰੇ ਮਾਰਕੀਟ ਦੀ ਖੋਜ ਕਰੋ

ਪਤਾ ਰੱਖੋ ਕਿ ਇੱਕ ਕਾਰੋਬਾਰ ਦੇ ਵਜੋਂ ਤੁਸੀਂ ਕਿਸ ਨਾਲ ਵਪਾਰ ਕਰ ਰਹੇ ਹੋ – ਜਿਵੇਂ ਕਿ ਤੁਹਾਡੇ ਖ਼ਰੀਦਦਾਰ, ਸਪਲਾਇਰ, ਗਾਹਕ ਅਤੇ ਸੇਵਾ ਪ੍ਰਦਾਤਾ – ਅਤੇ ਉਨ੍ਹਾਂ ਦੇ ਕਾਰੋਬਾਰ ਦਾ ਦੇਸ਼ ਅਤੇ ਇਲਾਕੇ ਵਿੱਚ ਫੈਲਾਓ

ਆਪਣੀ ਫੰਡਿੰਗ ਦੇ ਸਰੋਤ ਬਾਰੇ ਸੁਚੇਤ ਰਹੋ – ਉਦਾਹਰਣ ਵਜੋਂ, ਪੱਕਾ ਕਰੋ ਕਿ ਨਵੇਂ ਨਿਵੇਸ਼ ਕਰਨ ਵਾਲਿਆਂ ਜਾਂ ਹਿੱਸੇਦਾਰਾਂ ਤੋਂ ਮਿਲੀ ਫੰਡਿੰਗ ਕਾਨੂੰਨੀ ਤੌਰ ‘ਤੇ ਸਹੀ ਹੈ

ਆਪਣੇ ਭੁਗਤਾਨ ਦੇ ਤਰੀਕਿਆਂ ਦਾ ਧਿਆਨ ਰੱਖੋ, ਜਿਸ ਵਿੱਚ ਭੁਗਤਾਨ ਏਜੰਟਾਂ ਅਤੇ ਪਲੈਟਫਾਰਮਾਂ ਦੀ ਵਰਤੋਂ ਸ਼ਾਮਿਲ ਹੈ। ਬਿਨਾ ਲਾਇਸੰਸ ਵਾਲੇ ਭੁਗਤਾਨ ਏਜੰਟਾਂ ਰਾਹੀਂ ਪੈਸੇ ਦਾ ਲੈਣ-ਦੇਣ ਨਾ ਕਰੋ

ਜੇ ਤੁਹਾਡੀ ਗਾਹਕੀ ਜਾਣਕਾਰੀ ਨੂੰ ਨਵਪੂਰਤ ਨਹੀਂ ਰੱਖਿਆ ਜਾਂਦਾ ਤਾਂ ਕੀ ਹੋ ਸਕਦਾ ਹੈ

ਅੱਜ ਦੀ ਵਧਦੀ ਹੋਈ ਜੁੜੀ ਦੁਨੀਆ ਵਿੱਚ, ਆਰਥਿਕ ਅਪਰਾਧ ਪੂਰੀ ਦੁਨੀਆ ਵਿੱਚ ਇੱਕ ਵੱਧ ਰਹੀ ਸਮੱਸਿਆ ਹੈ। ਸਾਡੇ ਕੋਲ ਸਾਡੇ ਸਾਰੇ ਗਾਹਕਾਂ ਬਾਰੇ ਸਹੀ ਜਾਣਕਾਰੀ ਹੋਣਾ ਸਾਡੀ ਕਾਲੇ ਧਨ ਨੂੰ ਸਫ਼ੇਦ ਬਣਾਉਣ, ਫਰੇਬੀ ਸੌਦਿਆਂ ਜਾਂ ਟੈਕਸ ਤੋਂ ਬਚਣ ਦੀਆਂ ਕੋਸ਼ਿਸ਼ਾਂ ਦੀ ਖੋਜ ਕਰਨ ਅਤੇ ਉਨ੍ਹਾਂ ਨੂੰ ਰੋਕਣ ਦੀ ਸਮਰੱਥਾ ਦਾ ਇੱਕ ਜ਼ਰੂਰੀ ਹਿੱਸਾ ਹੈ। ਤੁਹਾਡੇ ਨਵਪੂਰਤ ਨਵਪੂਰਤ ਜਾਣਕਾਰੀ ਦੇ ਬਿਨਾ, ਸਾਨੂੰ ਹੇਠ ਲਿਖੀ ਕਾਰਵਾਈ ਕਰਨੀ ਪੈ ਸਕਦੀ ਹੈ:

ਕਾਰੋਬਾਰੀ ਖਾਤਾ

ਤੁਹਾਨੂੰ ਖਾਤੇ ਨਾਲ ਹੋਏ ਉਨ੍ਹਾਂ ਸੌਦਿਆਂ ਬਾਰੇ ਪੁੱਛਣਾ ਜਿਹੜੇ ਕਿ ਤੁਹਾਡੀ ਮੌਜੂਦਾ ਪ੍ਰੋਫ਼ਾਈਲ ਨਾਲ ਮਿਲਦੇ ਨਹੀਂ ਹਨ। ਉਦਾਹਰਣ ਵਿੱਚ ਵੱਡੇ ਵਾਇਰ ਟਰਾਂਸਫਰ ਜਾਂ ਜਮ੍ਹਾਂ ਕਰਵਾਈ ਰਕਮ ਸ਼ਾਮਲ ਹੈ ਜਿਹੜੀ ਕਿ ਸਹਿਯੋਗੀ ਦਸਤਾਵੇਜ਼ਾਂ ਜਿਵੇਂ ਕਿ ਬਿੱਲ ਅਤੇ ਇੱਕਰਾਰਨਾਮੇ ਨਾਲ ਸਮਝਾਏ ਨਹੀਂ ਜਾ ਸਕਦੇ । ਇਸ ਤਰ੍ਹਾਂ ਦਾ ਲੈਣ-ਦੇਣ ਸ਼ੱਕ ਪੈਦਾ ਕਰ ਸਕਦਾ ਹੈ ਕਿਉਂਕਿ ਇਹ ਵਤੀਰਾ ਮਾੜੀਆਂ ਕਿਰਿਆਵਾਂ ਨਾਲ ਮੇਲ ਖਾਂਦਾ ਹੈ ਜਿਸ ਵਿੱਚ ਕਾਲਾ ਧਨ ਸਫ਼ੇਦ ਕਰਨਾ ਸ਼ਾਮਿਲ ਹੈ।

ਜੇ ਅਸੀਂ ਤੁਹਾਡੇ ਕਾਰੋਬਾਰ ਬਾਰੇ ਨਵਪੂਰਤ ਜਾਣਕਾਰੀ ਰੱਖਦੇ ਹਾਂ – ਉਦਾਹਰਣ ਵਜੋਂ, ਰਾਸ਼ਟਰੀ ਤੋਂ ਅੰਤਰਰਾਸ਼ਟਰੀ ਕਾਰੋਬਾਰ, ਇਹ ਲੈਣ-ਦੇਣ ਸਮਝਾਇਆ ਜਾ ਸਕਦਾ ਹੈ ਅਤੇ ਬੇਲੋੜੇ ਸ਼ੱਕ ਟਾਲ ਸਕੇ ਜਾ ਸਕਦੇ ਹਨ

ਜੇ ਤੁਹਾਡੇ ਨਿੱਜੀ ਖਾਤੇ ਵਿੱਚ ਹੋਈ ਅਸਾਧਾਰਨ ਕਿਰਿਆ ਬਾਰੇ ਸਮਝਾਇਆ ਨਹੀਂ ਜਾ ਸਕਦਾ, ਤਾਂ ਸਾਨੂੰ ਬਾਹਰ ਪੈਸੇ ਭੇਜਣ ਵਰਗੀਆਂ ਕੁਝ ਖਾਸ ਬੈਂਕ ਦੀਆਂ ਸੇਵਾਵਾਂ ਨੂੰ ਟਾਲਣਾ ਪਵੇਗਾ ਜਾਂ ਉਨ੍ਹਾਂ ਉੱਤੇ ਪਾਬੰਦੀ ਲਗਾਉਣੀ ਪਵੇਗੀ, ਜਾਂ ਤੁਹਾਡੇ ਨਾਲ ਸਾਡੇ ਬੈਂਕ ਦੇ ਰਿਸ਼ਤੇ ਨੂੰ ਖਤਮ ਕਰਨਾ ਪਵੇਗਾ

ਨਿੱਜੀ ਖਾਤਾ

ਇੱਕ ਬੰਦੇ ਵੱਲੋਂ ਉਨ੍ਹਾਂ ਦੇ ਕਾਰੋਬਾਰੀ ਸਾਥੀਆਂ ਤੋਂ ਉਨ੍ਹਾਂ ਦੇ ਨਿੱਜੀ ਖਾਤਿਆਂ ਵਿੱਚ ਕਾਨੂੰਨੀ ਤਰੀਕੇ ਨਾਲ ਪੈਸੇ ਲੈਣ ਵਿੱਚ ਕੋਈ ਸਮੱਸਿਆ ਨਹੀਂ ਹੈ ਲੇਕਿਨ ਇਸ ਸ਼ਰਤ ਉੱਤੇ ਕਿ ਇਨ੍ਹਾਂ ਦੇ ਸਹੀ ਦਸਤਾਵੇਜ਼ ਬਣਾਏ ਗਏ ਹੋਣ। ਜਿਵੇਂ ਕਿ, ਡਾਇਰੈਕਟਰ ਦੀ ਤਨਖਾਹ, ਡਾਇਰੈਕਟਰ ਦੇ ਦਰਜ ਕੀਤੇ ਕਰਜ਼ ਦਾ ਭੁਗਤਾਨ, ਡਿਵੀਡੈਂਡ ਜਾਂ ਕੰਪਨੀ ਵਿੱਚ ਹਿੱਸਾ ਖਰੀਦਣ ਜਾਂ ਵੇਚਣ ਦੀ ਪੜਤਾਲ ਤੁਹਾਡੀ ਕੰਪਨੀ ਦੇ ਸਾਲਾਨਾ ਖਾਤਿਆਂ ਅਤੇ/ਜਾਂ ਰਸੀਦਾਂ ਨਾਲ ਹੋ ਸਕਦੀ ਹੈ

ਆਰਥਿਕ ਅਪਰਾਧ ਨਾਲ ਲੜਨ ਲਈ ਅਸੀਂ ਕਿਸ ਤਰ੍ਹਾਂ ਇਕੱਠੇ ਕੰਮ ਕਰ ਸਕਦੇ ਹਾਂ



ਤੁਹਾਡੇ ਵਰਗੇ ਇੰਟਰਪਰੀਨਿਊਅਰਜ਼ Hong Kong ਦੀ ਅਰਥ ਵਿਵਸਥਾ ਦੀ ਜਾਨ ਹਨ। ਅਸੀਂ ਤੁਹਾਡੇ ਖਾਤੇ ਨੂੰ ਧੋਖੇ ਅਤੇ ਆਰਥਿਕ ਅਪਰਾਧ ਤੋਂ ਬਚਾਉਣ ਲਈ ਵਚਨਬੱਧ ਹਾਂ ਤਾਂ ਜੋ ਤੁਹਾਡਾ ਕਾਰੋਬਾਰ ਵੱਧ-ਫੁੱਲ ਸਕੇ, ਅਤੇ ਜਿਹੜੀ ਜਾਣਕਾਰੀ ਦੀ ਅਸੀਂ ਤੁਹਾਡੇ ਕੋਲੋਂ ਮੰਗ ਕਰਦੇ ਹਾਂ, ਉਹ ਸਾਡੀ ਇਸ ਵਿੱਚ ਮਦਦ ਕਰੇਗੀ।

ਜੇ ਤੁਸੀਂ ਸਾਡੇ ਨਾਲ ਦੋਵੇ ਕਾਰੋਬਾਰੀ ਅਤੇ ਨਿੱਜੀ ਖਾਤੇ ਖੋਲੇ ਹੋਏ ਹਨ, ਤਾਂ ਸਾਨੂੰ ਜਾਣਕਾਰੀ ਦੇਣ ਅਤੇ ਉਸ ਨੂੰ ਨਵਪੂਰਤ ਰੱਖਣ ਨਾਲ ਸਾਨੂੰ ਤੁਹਾਡੇ ਬੈਂਕ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਅਤੇ ਸਾਡੇ ਗਾਹਕਾਂ ਅਤੇ ਵਿਆਪਕ ਭਾਈਚਾਰੇ ਨੂੰ ਆਰਥਿਕ ਅਪਰਾਧ ਦੇ ਖਿਲਾਫ ਬਚਾਉਣ ਵਿੱਚ ਮਦਦ ਮਿਲੇਗੀ।

ਜੇਕਰ ਤੁਸੀਂ ਸਾਡੇ ਵਲੋਂ ਕੋਈ ਮੰਗ ਪ੍ਰਾਪਤ ਕਰਦੇ ਹੋ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ?

- ਸਾਡੇ ਵਲੋਂ ਭੇਜੇ ਪੱਤਰਾਂ, ਈ-ਮੇਲਾਂ ਅਤੇ ਫੋਨ-ਕਾਲਾਂ ਨੂੰ ਧਿਆਨ ਵਿੱਚ ਰੱਖੋ
- ਸਾਡੀਆਂ ਜਾਣਕਾਰੀ ਲਈ ਮੰਗਾਂ ਦਾ ਸਮੇਂ ਉੱਤੇ ਜਵਾਬ ਦੇਵੋ
- ਪੱਕਾ ਕਰੋ ਕਿ ਜਿਹੜੀ ਜਾਣਕਾਰੀ ਤੁਸੀਂ ਸਾਨੂੰ ਮੁਹੱਈਆ ਕਰਵਾਉਂਦੇ ਹੋ, ਉਹ ਪੂਰੀ, ਸਹੀ ਅਤੇ ਨਵਪੂਰਤ ਹੋਵੇ
- ਜੇਕਰ ਤੁਹਾਡੇ ਕਾਰੋਬਾਰੀ ਜਾਣ ਨਿੱਜੀ ਨਵਪੂਰਤਨ ਬਾਰੇ ਕੋਈ ਵੀ ਸਵਾਲ ਹਨ ਤਾਂ ਸਾਨੂੰ ਸੰਪਰਕ ਕਰਨ ਵਿੱਚ ਝਿਜਕ ਨਾ ਕਰੋ



ਅਸੀਂ ਤੁਹਾਨੂੰ ਇੱਕ ਸੁਰੱਖਿਤ ਬੈਂਕਿੰਗ ਮਾਹੌਲ ਮੁਹੱਈਆ ਕਰਵਾਉਣ ਲਈ ਨਿਸ਼ਚਿਤ ਹਾਂ। ਬੈਂਕਾਂ, ਲੋਕਾਂ ਅਤੇ ਕਾਰੋਬਾਰਾਂ ਨੂੰ Hong Kong ਦੀ ਆਰਥਿਕ ਵਿਵਸਥਾ ਦਾ ਇਮਾਨ ਬਚਾਉਣ ਦੇ ਯੋਗ ਬਣਾਉਣ ਵਿੱਚ ਮਦਦ ਕਰਨ ਦੇ ਲਈ, ਇਹ ਜ਼ਰੂਰੀ ਹੈ ਕਿ ਅਸੀਂ ਆਪਣੀ ਗਾਹਕਾਂ ਦੀ ਜਾਣਕਾਰੀ ਨਵਪੂਰਤ ਰੱਖੀਏ।

ਸਾਨੂੰ ਕਿਸ ਤਰ੍ਹਾਂ ਸੰਪਰਕ ਕੀਤਾ ਜਾ ਸਕਦਾ ਹੈ

- ਆਪਣੀ ਕੰਪਨੀ ਦੀ ਜਾਣਕਾਰੀ ਨਵਪੂਰਤ ਕਾਰਨ ਦੇ ਲਈ, ਕਿਸੇ ਵੀ HSBC Business Centre (HSBC ਬਿਜਨਸ ਸੈਂਟਰ) ਉੱਤੇ ਜਾਓ ਜਾਂ ਸਾਡੀ ਕਾਰੋਬਾਰੀ ਬੈਂਕਿੰਗ ਸਰਵਿਸ ਹੌਟਲਾਈਨ ਨੂੰ (852) 2748 8288 ਤੇ ਫੋਨ ਕਰੋ (ਭਾਸ਼ਾ ਚੁਣਨ ਤੋਂ ਬਾਅਦ #-0 ਦਬਾਓ)
- ਨਿੱਜੀ ਬੈਂਕਿੰਗ ਦੇ ਲਈ, Hong Kong ਵਿੱਚ ਕਿਸੇ ਵੀ HSBC ਬ੍ਰਾਂਚ ਉੱਤੇ ਜਾਓ ਜਾਂ (852) 2233 3322 (HSBC ਪ੍ਰੀਮਿਅਰ ਗਾਹਕ), (852) 2748 8333 (HSBC ਐਡਵਾਂਸ ਗਾਹਕ) or (852) 2233 3000 (ਹੋਰ ਗਾਹਕ) ਉੱਤੇ ਫੋਨ ਕਰੋ

ਚਲਦੀ ਸੁਰੱਖਿਆ

HSBC ਸੁਰੱਖਿਆ ਸਾਡੇ ਤਰੀਕਿਆਂ ਦਾ ਇੱਕ ਇਕੱਠ ਹੈ ਜਿਸ ਨੂੰ ਸਾਡੀਆਂ ਦੁਨੀਆ-ਭਰ ਦੀਆਂ ਪ੍ਰਣਾਲੀਆਂ ਵਿੱਚ ਜਾਣਕਾਰੀ ਨਵਪੂਰਤ ਰੱਖਣ ਵਿੱਚ ਨਵਪੂਰਤ ਬਣਾਇਆ ਗਿਆ ਹੈ ਤਾਂ ਜੋ ਸਾਡੇ ਗਾਹਕਾਂ ਨੂੰ ਠੱਗੀ ਅਤੇ ਆਰਥਿਕ ਅਪਰਾਧ ਤੋਂ ਬਿਹਤਰ ਬਚਾਅ ਪ੍ਰਦਾਨ ਕੀਤਾ ਜਾ ਸਕੇ। ਇਹ ਇੱਕ ਨਿਰੰਤਰ ਪ੍ਰੋਗਰਾਮ ਹੈ ਅਤੇ ਨਿਯਮਤ ਸਮੀਖਿਆ ਇਸ ਕਾਰਵਾਈ ਦਾ ਇੱਕ ਹਿੱਸਾ ਹੈ ਜਿੱਥੇ ਅਸੀਂ ਤੁਹਾਨੂੰ ਆਪਣੀ ਜਾਣਕਾਰੀ ਪੱਕੀ ਜਾਂ ਨਵਪੂਰਤ ਕਰਨ ਲਈ ਜਾਂ ਨਵੀ ਜਾਣਕਾਰੀ ਮੁਹੱਈਆ ਕਰਵਾਉਣ ਲਈ ਕਹਾਂਗੇ। ਜੇ ਤੁਹਾਡੇ ਜਾਂ ਤੁਹਾਡੇ ਸੰਗਠਨ ਬਾਰੇ ਕੋਈ ਵੀ ਜਾਣਕਾਰੀ ਬਦਲਦੀ ਹੈ ਤਾਂ ਤੁਸੀਂ ਆਪਣੇ ਖਾਤੇ ਦੀ ਜਾਣਕਾਰੀ ਨਵਪੂਰਤ ਕਰਨ ਲਈ ਸਾਨੂੰ ਵੀ ਸੰਪਰਕ ਕਰ ਸਕਦੇ ਹੋ। ਇਹ ਸਾਡੀ ਤੁਹਾਨੂੰ ਅਤੇ ਤੁਹਾਡੇ ਕਾਰੋਬਾਰ ਨੂੰ ਸੁਰੱਖਿਅਤ ਰੱਖਣ ਵਿੱਚ ਇਹ ਪੱਕਾ ਕਰਕੇ ਮਦਦ ਕਰੇਗੀ ਕਿ ਜਿਹੜਾ ਲੈਣ-ਦੇਣ ਅਸੀਂ ਤੁਹਾਡੇ ਲਈ ਕਰਾਂਗੇ ਉਹ ਸਿਰਫ ਸਹੀ ਮੰਗ ਉੱਤੇ ਹੋਵੇ।

ਤੁਸੀਂ ਹੋਰ ਵੀ ਜਾਣਕਾਰੀ HSBC ਦੀ ਸੁਰੱਖਿਆ ਵੈੱਬਸਾਈਟ www.hsbc.com.hk/hsbcsafeguard ਉੱਤੇ ਪਾ ਸਕਦੇ ਹੋ

ਇਹ ਦਸਤਾਵੇਜ਼ The Hongkong and Shanghai Banking Corporation Limited (HSBC) ਵੱਲੋਂ ਜਾਰੀ ਕੀਤਾ ਗਿਆ ਹੈ। ਇਸ ਦਾ ਮਕਸਦ ਕਿਸੇ ਵੀ ਹਲਕੇ ਵਿੱਚ ਕਿਸੇ ਵੀ ਵਿਅਕਤੀ ਦੇ ਲਈ ਕਾਰੋਬਾਰ ਲਈ ਇੱਕ ਪੇਸ਼ਕਸ਼ ਜਾਂ ਬੇਨਤੀ ਹੋਣਾ ਨਹੀਂ ਹੈ। ਇਸ ਨੂੰ ਉਹਨਾਂ ਇਲਾਕਿਆਂ ਦੇ ਰਹਿਣ ਵਾਲੇ ਕਿਸੇ ਵਿਅਕਤੀ ਜਾਂ ਵਸਨੀਕ ਨੂੰ ਵੰਡਿਆ ਜਾਣਾ ਨਹੀਂ ਚਾਹੀਦਾ ਜਿਸ ਹਲਕੇ ਵਿੱਚ ਇਸ ਦਸਤਾਵੇਜ਼ ਦੀ ਵੰਡ ਉੱਤੇ ਰੋਕ ਹੈ। ਇਸ ਦਸਤਾਵੇਜ਼ ਵਿੱਚ ਸ਼ਾਮਿਲ ਜਾਣਕਾਰੀ ਸਿਰਫ ਆਮ ਜਾਣਕਾਰੀ ਹੈ। ਇਸ ਦਾ ਮਕਸਦ ਵਿਆਪਕ ਹੋਣਾ ਨਹੀਂ ਹੈ ਅਤੇ ਇਸ ਵਿੱਚ ਆਰਥਿਕ, ਕਾਨੂੰਨੀ, ਟੈਕਸ ਜਾਂ ਹੋਰ ਵਿਹਾਰਿਕ ਸਲਾਹ ਸ਼ਾਮਿਲ ਨਹੀਂ ਹੈ। ਦਿੱਤੇ ਉਦਾਹਰਣ ਖਾਸ ਤੱਤਾਂ ਉੱਤੇ ਅਧਾਰਿਤ ਹਨ ਅਤੇ ਕਿਸੇ ਵੀ ਵਿਅਕਤੀ ਵੱਲੋਂ ਲਿਆ ਜਾਣ ਵਾਲਾ ਕੋਈ ਵੀ ਕਦਮ ਹਾਲਾਤ ਉੱਤੇ ਨਿਰਭਰ ਕਰੇਗਾ। ਕਿਸੇ ਵੀ ਹਾਲਾਤ ਹੇਠਾਂ HSBC ਇਸ ਦਸਤਾਵੇਜ਼ ਵਿੱਚ ਲਿਖੇ ਕਿਸੇ ਵੀ ਵਿਚਾਰ ਜਾਂ ਬਿਆਨ ਉੱਤੇ ਭਰੋਸਾ ਕਰਨ ਕਾਰਨ ਹੋਏ ਕਿਸੇ ਵੀ ਨੁਕਸਾਨ ਦੇ ਜ਼ੁੰਮੇਵਾਰ ਨਹੀਂ ਹੋਣਗੇ। ਇਸ ਪ੍ਰਕਾਸ਼ਨ ਦਾ ਕੋਈ ਵੀ ਹਿੱਸਾ ਕਿਸੇ ਵੀ ਪ੍ਰਕਾਰ ਜਾਂ ਕਿਸੇ ਵੀ ਤਰੀਕੇ, ਇਲੈਕਟ੍ਰਾਨਿਕ, ਮਸ਼ੀਨੀ, ਫੋਟੋਕਾਪੀ, ਰਿਕਾਰਡਿੰਗ, ਜਾਂ ਹੋਰ ਕੋਈ, The Hongkong and Shanghai Banking Corporation Limited ਦੀ ਪੂਰਵ ਲਿਖਤ ਮਨਜ਼ੂਰੀ ਤੋਂ ਬਿਨਾ ਦੁਬਾਰਾ ਬਣਾਇਆ, ਪ੍ਰਾਪਤੀ ਵਿਵਸਥਾ ਵਿੱਚ ਸਟੋਰ, ਜਾਂ ਪ੍ਰਸਾਰਿਤ ਕੀਤਾ ਨਹੀਂ ਕੀਤਾ ਜਾ ਸਕਦਾ।